# ਦਫਤਰ, ਜਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਅੰਮ੍ਰਿਤਸਰ

ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ, ਨਵੀਂ ਦਿੱਲੀ ਵੱਲੋਂ ਚਲਾਈ ਜਾ ਰਹੀ ਪੈਰਾ ਲੀਗਲ ਵਲੰਟੀਅਰ ਸਕੀਮ ਦੇ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਅੰਮ੍ਰਿਤਸਰ** ਵੱਲੋਂ ਜਿਲ੍ਹਾ **ਅੰਮ੍ਰਿਤਸਰ** ਵਿਖੇ ਪੈਰਾ ਲੀਗਲ ਵਲੰਟੀਅਰਜ਼ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਸਬੰਧ ਵਿਚ ਯੋਗ ਉਮੀਦਵਾਰਾਂ ਤੋਂ ਨਾਲ ਨੱਥੀ ਪ੍ਰਫਾਰਮੇ ਉੱਪਰ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ:-

| | | |
|---|---|---|
| ਘੱਟੋ ਘੱਟ ਵਿੱਦਿਅਕ ਯੋਗਤਾ | - | ਮੈਟ੍ਰਿਕ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਮੈਟ੍ਰਿਕ ਤੱਕ ਹੋਵੇ। |
| ਅਰਜ਼ੀ ਦੇਣ ਦੀ ਆਖਰੀ ਮਿਤੀ | - | 05.03.2026 |
| ਸਥਾਨ | - | ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਅੰਮ੍ਰਿਤਸਰ**। |
| ਇੰਟਰਵਿਓ ਦੀ ਮਿਤੀ | - | **ਮਿਤੀ 09.03.2026 ਨੂੰ ਸਵੇਰੇ ਵਜੇ ਏ.ਡੀ.ਆਰ, ਸੈਂਟਰ ਦੇ ਕਾਨਫਰੰਸ ਹਾਲ ਵਿੱਚ ਲਈ ਜਾਵੇਗੀ।** |
| ਭੱਤਾ | - | ਇੱਥੇ ਇਹ ਦੱਸਣਯੋਗ ਹੈ ਕਿ ਪੈਰਾ ਲੀਗਲ ਵਲੰਟੀਅਰਜ਼ ਨੂੰ ਕੋਈ ਪੱਕੀ ਤਨਖਾਹ ਨਹੀਂ ਦਿੱਤੀ ਜਾਵੇਗੀ। ਉਹਨਾਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਅੰਮ੍ਰਿਤਸਰ** ਵੱਲੋਂ ਸਮੇਂ-ਸਮੇਂ ਤੇ ਨਿਰਧਾਰਤ ਭੱਤੇ ਦੇ ਆਧਾਰ ਤੇ ਪ੍ਰਤੀ ਦਿਨ ਡਿਊਟੀ ਦੇ ਹਿਸਾਬ ਨਾਲ ਮਾਣਭੱਤਾ ਦਿੱਤਾ ਜਾਵੇਗਾ। |
| ਪੈਰਾ ਲੀਗਲ ਵਲੰਟੀਅਰ ਦੇ ਕੰਮ | - | ਸੈਮੀਨਾਰਾਂ ਰਾਹੀਂ ਕਾਨੂੰਨੀ ਜਾਗਰੂਕਤਾ ਫੈਲਾਉਣਾ, ਸਮਾਜ ਵਿਚ ਹੋ ਰਹੀ ਕਿਸੇ ਵੀ ਵਧੀਕੀ ਦੀ ਰਿਪੋਰਟ ਕਰਨਾ, ਮੁਫਤ ਕਾਨੂੰਨੀ ਸਹਾਇਤਾ ਦਿਵਾਉਣਾ, ਲੋੜਵੰਦ ਵਿਅਕਤੀਆਂ ਦੀ ਮਦਦ ਕਰਨਾ, ਜਨ ਸੁਧਾਰਨ, ਲੋਕ ਅਦਾਲਤਾਂ, ਮੀਡੀਏਸ਼ਨ ਸੈਂਟਰ ਅਤੇ ਸਥਾਈ ਲੋਕ ਅਦਾਲਤ ਦੀ ਜਾਣਕਾਰੀ ਦੇਣਾ, ਲੀਗਲ ਏਡ ਕਲੀਨਿਕ ਚਲਾਉਣਾ ਅਤੇ ਫਰੰਟ ਆਫਿਸ ਵਿਚ ਡਿਊਟੀ ਨਿਭਾਉਣਾ। |

ਗਰੁੱਪ/ਵਿਅਕਤੀ ਜਿਨ੍ਹਾਂ ਵਿਚੋਂ ਪੈਰਾ ਲੀਗਲ ਵਲੰਟੀਅਰ ਚੁਣੇ ਜਾਣਗੇ:-

1. ਅਧਿਆਪਕ (ਸਮੇਤ ਰਿਟਾਇਰਡ)
2. ਰਿਟਾਇਰਡ ਸਰਕਾਰੀ ਮੁਲਾਜ਼ਮ ਅਤੇ ਸੀਨੀਅਰ ਸੀਟੀਜ਼ਨ
3. ਐੱਮ.ਐੱਸ.ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ
4. ਆਗਨਵਾੜੀ ਵਰਕਰ
5. ਡਾਕਟਰ/ਫੀਜ਼ੀਸ਼ੀਅਨ
6. ਗੈਰ-ਸਿਆਸੀ ਵਿਅਕਤੀ, ਐੱਨ.ਜੀ.ਓ. ਅਤੇ ਕਲੱਬ
7. ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਤ ਸਵੈ-ਹੈਲਪ ਗਰੁੱਪ
8. ਵਿਦਿਆਰਥੀ ਅਤੇ ਕਾਨੂੰਨੀ ਪੜ੍ਹਾਈ ਦੇ ਵਿਦਿਆਰਥੀ (ਜਦੋਂ ਤੱਕ ਵਕੀਲ ਲਈ Enrolment ਨਹੀਂ ਹੁੰਦੀ)
9. ਕੋਈ ਵੀ ਅਜਿਹਾ ਵਿਅਕਤੀ ਜੋ ਕਿ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਅੰਮ੍ਰਿਤਸਰ** ਵੱਲੋਂ ਯੋਗ ਪਾਇਆ ਜਾਵੇਗਾ।

**ਇਸ ਸਬੰਧੀ ਸੂਚਨਾ ਜਿਲ੍ਹਾ ਕਚਿਹਰੀਆਂ ਅੰਮ੍ਰਿਤਸਰ ਦੀ ਵੈਬਸਾਈਟ** https://amritsar.dcourts.gov.in **ਤੇ ਉਪਲਬਧ ਹੈ।**

(ਜਤਿੰਦਰ ਕੌਰ),
ਜਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਪਰਸਨ,
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
**ਅੰਮ੍ਰਿਤਸਰ**।

ਪਿੱਠਅੰਕਣ ਨੰ. 1160-1165 ਮਿਤੀ 19-02-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ.ਨਗਰ
2. ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਅੰਮ੍ਰਿਤਸਰ**।
3. ਪ੍ਰਧਾਨ, ਜਿਲ੍ਹਾ ਬਾਰ ਐਸੋਸ਼ੀਏਸ਼ਨ, **ਅੰਮ੍ਰਿਤਸਰ**।
4. ਡੀ.ਡੀ.ਪੀ.ਓ., **ਅੰਮ੍ਰਿਤਸਰ** (ਜਿਲ੍ਹੇ ਦੀਆਂ ਸਾਰੀਆਂ ਪੰਚਾਇਤਾਂ ਨੂੰ ਸੂਚਨਾ ਕਰਨ ਸਬੰਧੀ)
5. ਰੁਜ਼ਗਾਰ ਦਫਤਰ, **ਅੰਮ੍ਰਿਤਸਰ**।
6. System Officer, District Courts, Amritsar for upload on website.

(ਜਤਿੰਦਰ ਕੌਰ),
ਜਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਪਰਸਨ,
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
**ਅੰਮ੍ਰਿਤਸਰ**।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਅੰਮ੍ਰਿਤਸਰ** ਵੱਲੋਂ ਜ਼ਿਲ੍ਹਾ **ਅੰਮ੍ਰਿਤਸਰ** ਵਿੱਚ ਪੈਰਾ ਲੀਗਲ ਵਲੰਟੀਅਰਜ਼ ਦੀ ਚੋਣ ਹੇਤੂ ਚਾਹਵਾਨ ਬਿਨੈਕਾਰਾਂ ਲਈ ਸੂਚਨਾ।

<u>ਪੈਰਾ ਲੀਗਲ ਵਲੰਟੀਅਰਜ਼ ਦੀ ਚੋਣ ਲਈ ਸ਼ਰਤਾਂ:-</u>

1. ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ **ਅੰਮ੍ਰਿਤਸਰ** ਵੱਲੋਂ ਜ਼ਿਲ੍ਹਾ **ਅੰਮ੍ਰਿਤਸਰ** ਵਿੱਚ ਪੈਰਾ ਲੀਗਲ ਵਲੰਟੀਅਰਜ਼ ਦੀ ਭਰਤੀ ਕੀਤੀ ਜਾਣੀ ਹੈ। ਇਹ ਭਰਤੀ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ -ਕਮ- ਚੇਅਰਪਰਸਨ, **ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ** ਰਾਹੀਂ ਕੀਤੀ ਜਾਣੀ ਹੈ।
2. ਬਿਨੈ ਪੱਤਰ ਨਿਰਧਾਰਿਤ ਪ੍ਰੋਫਾਰਮਿਆਂ ਤੇ ਭਰ ਕੇ 05-03-2026 ਸ਼ਾਮ 5:00 ਵਜੇ ਤੱਕ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ **ਅੰਮ੍ਰਿਤਸਰ** ਵਿਖੇ ਪ੍ਰਾਪਤ ਕੀਤੇ ਜਾਣਗੇ । ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
3. **ਇੰਟਰਵਿਊ ਮਿਤੀ 09.03.2026 ਨੂੰ ਏ.ਡੀ.ਆਰ ਸੈਂਟਰ, ਅੰਮ੍ਰਿਤਸਰ (ਦਫਤਰ ਜਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਅੰਮ੍ਰਿਤਸਰ) ਦੇ ਕਾਨਫਰੰਸ ਹਾਲ ਵਿਖੇ ਸਵੇਰੇ 11.00 ਵਜੇ ਲਈ ਜਾਵੇਗੀ ਜਿਸ ਸਬੰਧੀ ਅਲੱਗ ਤੋ ਕੋਈ ਵੀ ਸੂਚਨਾ ਨਹੀਂ ਦਿੱਤੀ ਜਾਵੇਗੀ।**
4. ਕਿਉਂਕਿ ਪੀ.ਐੱਲ.ਵੀ. ਦੀ ਚੋਣ ਲੋਕਾਂ ਨੂੰ ਕਾਨੂੰਨੀ ਸਾਖਰਤਾ ਪ੍ਰਦਾਨ ਕਰਨ ਲਈ ਨਾਲਸਾ ਸਕੀਮਾਂ ਦੇ ਪ੍ਰਚਾਰ, ਮੁਫ਼ਤ ਕਾਨੂੰਨੀ ਸੇਵਾਵਾਂ ਲਈ ਲੋਕਾਂ ਨੂੰ ਸੈਮੀਨਾਰਾਂ ਰਾਹੀਂ ਜਾਣਕਾਰੀ ਦੇਣ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕੰਮਕਾਜ ਲਈ ਕੀਤੀ ਜਾਂਦੀ ਹੈ। ਇਸ ਲਈ ਉਹੀ ਵਿਅਕਤੀ ਸਵੈ ਇੱਛੁਕ ਪ੍ਰਾਰਥੀ ਵਜੋਂ ਪੀ.ਐੱਲ.ਵੀ. ਨਿਯੁਕਤ ਹੋਣ ਲਈ ਦਰਖਾਸਤ ਦੇਣ ਜਿਨ੍ਹਾਂ ਨੇ ਇਸ ਖੇਤਰ ਵਿੱਚ ਨਿਸ਼ਕਾਮ ਸੇਵਾ ਪ੍ਰਦਾਨ ਕਰਨੀ ਹੋਵੇ। ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਬਤੌਰ ਪੀ. ਐੱਲ.ਵੀ. ਸੇਵਾਵਾਂ ਦੇਣ ਵਾਲੇ ਪ੍ਰਾਰਥੀ ਨੂੰ ਵੇਜਜ਼/ਮਿਹਤਾਨਾ ਨਹੀਂ ਦਿੱਤਾ ਜਾਵੇਗਾ । ਉਨ੍ਹਾਂ ਨੂੰ ਬਤੌਰ ਪੀ.ਐੱਲ.ਵੀ ਨਿਯੁਕਤ ਹੋਣ ਜਾਣ ਉਪਰੰਤ ਬਤੌਰ ਮਾਣਭੱਤਾ 800/- ਰੁਪਏ ਸਿਰਫ ਉਸੇ ਦਿਨ ਦੇ ਲਈ ਹੀ ਦਿੱਤੇ ਜਾਣਗੇ ਜਿਸ ਦਿਨ ਪੀ. ਐੱਲ. ਵੀ. ਨੂੰ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਾਸੋਂ ਕੋਈ ਕੰਮ ਕਰਨ ਲਈ ਮਿਲੇਗਾ। ਇਸ ਮਾਣਭੱਤੇ ਵਿੱਚ ਵਾਧਾ ਜਾਂ ਕਟੌਤੀ ਕੇਵਲ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ ਜੀਆਂ ਦੁਆਰਾ ਸਮੇਂ-ਸਮੇਂ ਸਿਰ ਨਿਸ਼ਚਿਤ ਕੀਤੇ ਜਾਣ ਵਾਲੇ ਨਿਯਮਾਂ ਅਨੁਸਾਰ ਹੀ ਹੋਵੇਗਾ ।
5. ਪੀ.ਐੱਲ.ਵੀ. ਦੀ ਚੋਣ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰ**ਪਰਸਨ**, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਪ੍ਰਧਾਨਗੀ ਹੇਠ ਗਠਿਤ ਕਮੇਟੀ ਲਈ ਗਈ ਇੰਟਰਵਿਊ ਦੁਆਰਾ ਕੀਤੀ ਜਾਵੇਗੀ ।
6. ਇਸ ਲਈ ਹੇਠ ਲਿਖੇ ਵਿਅਕਤੀ ਪੀ.ਐੱਲ.ਵੀ. ਚੁਣੇ ਜਾ ਸਕਦੇ ਹਨ:-
   a. Teacher (Including retired teacher)
   b. Retired Government Servants and Senior Citizens
   c. M.S.W. Students and teachers
   d. Anganwari Workers
   e. Doctors/Physicians
   f. Students & Law Students (till they enroll as lawyers)
   g. Members of Non-Political, service oriented NGOs and Clubs
   h. Member of Women Neighborhood Groups, Mathri Sanghams and Other Self Help Groups including of marginalized/vulnerable groups
   i. Any other person whom the District Legal Services Authority or Taluk Legal Services Committee deems fir to be identified as PLVs
7. ਇੰਟਰਵਿਊ ਦੇ ਸਥਾਨ ਅਤੇ ਸਮੇਂ ਦੀ ਜਾਣਕਾਰੀ ਪ੍ਰਾਪਤ ਕਰਨਾ ਬਿਨੈਕਾਰ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ। ਇੰਟਰਵਿਊ ਦੇ ਸਥਾਨ ਅਤੇ ਸਮੇਂ ਦੀ ਜਾਣਕਾਰੀ ਸਬੰਧੀ ਅਲੱਗ ਤੋਂ ਕੋਈ ਪੱਤਰ ਕਿਸੇ ਵੀ ਬਿਨੈਕਾਰ ਨੂੰ ਜਾਰੀ ਨਹੀਂ ਕੀਤਾ ਜਾਵੇਗਾ।
8. ਜੇਕਰ ਕੋਈ ਵੀ ਬਿਨੈਕਾਰ ਇੰਟਰਵਿਊ ਦੇ ਦੱਸੇ ਸਮੇਂ ਤੋਂ ਬਾਅਦ ਨਿਸ਼ਚਿਤ ਸਥਾਨ ਤੇ ਪੁੱਜਦਾ ਹੈ ਤਾਂ ਉਸਦੀ ਜ਼ਿੰਮੇਵਾਰੀ ਬਿਨੈਕਾਰ ਦੀ ਆਪਣੀ ਹੋਵੇਗੀ ਅਤੇ ਉਸਦੇ ਬਿਨੈ ਪੱਤਰ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ।
9. ਚੋਣ ਕੀਤੇ ਜਾਣ ਉਪਰੰਤ ਪੈਰਾ ਲੀਗਲ ਵਲੰਟੀਅਰਜ਼ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਵੱਲੋਂ ਟ੍ਰੇਨਿੰਗ ਦਿੱਤੀ ਜਾਵੇਗੀ।
10. ਬਿਨੈਕਾਰ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ।
11. ਬਿਨੈਕਾਰ ਵੱਲੋਂ ਬਿਨੈ ਪੱਤਰ ਦੇ ਨਾਲ ਇੱਕ ਸਵੈ-ਘੋਸ਼ਣਾ ਪੱਤਰ ਵੀ ਦਿੱਤਾ ਜਾਵੇ । ਜਿਸ ਵਿੱਚ ਬਿਨੈਕਾਰ ਵੱਲੋਂ ਲਿਖਿਆ ਜਾਵੇ ਕਿ ਉਸ ਤੇ ਕਿਸੇ ਵੀ ਤਰ੍ਹਾਂ ਦਾ ਦੀਵਾਨੀ ਜਾਂ ਫੌਜਦਾਰੀ ਕੇਸ ਕਿਸੇ ਵੀ ਅਦਾਲਤ ਵਿੱਚ ਨਹੀਂ ਚੱਲ ਰਿਹਾ ਅਤੇ ਨਾ ਹੀ ਉਹ ਕਿਸੇ ਤਰ੍ਹਾਂ ਦੀ ਰਾਜਨੀਤਿਕ ਸੰਗਠਨ ਨਾਲ ਸਬੰਧ ਰੱਖਦਾ ਹੈ। ਜਾਣਕਾਰੀ ਗਲਤ ਪਾਏ ਜਾਣ ਦੀ ਸੂਰਤ ਵਿੱਚ ਬਿਨੈਕਾਰ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
12. ਅਧੂਰੇ ਬਿਨੈ-ਪੱਤਰਾਂ/ਐਪਲੀਕੇਸ਼ਨਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਦੇ ਬਿਨੈ-ਪੱਤਰਾਂ/ਐਪਲੀਕੇਸ਼ਨਾਂ ਖਾਰਜ ਕਰ ਦਿੱਤੀਆਂ ਜਾਣਗੀਆਂ।
13. ਬਿਨੈਕਾਰ ਨੂੰ ਇੰਟਰਵਿਊ ਲਈ ਬੁਲਾਏ ਗਏ ਦਿਨ ਦਾ ਉਸ ਨੂੰ ਕੋਈ ਟੀ. ਏ./ਡੀ.ਏ ਜਾਂ ਮਾਣਭੱਤਾ ਨਹੀਂ ਦਿੱਤਾ ਜਾਵੇਗਾ।
14. ਬਿਨੈਕਾਰ ਨੂੰ ਅਪਲਾਈ ਕਰਨ ਲਈ ਘੱਟੋ-ਘੱਟ ਮੈਟ੍ਰਿਕ ਪਾਸ ਹੋਣਾ ਜਰੂਰੀ ਹੈ।

ਬਾ-ਹੁਕਮ
ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
-ਸਹਿਤ-ਚੇਅਰ**ਪਰਸਨ**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ
**ਅੰਮ੍ਰਿਤਸਰ।**

# District Legal Services Authority, Amritsar

Application for Selection of Para Legal Volunteers

1. Name (In Block Letters)____________________________
2. Father's/Husband's Name____________________________
3. Date of Birth (Proof Attach____________________________
4. Category (Attach proof for reserved category)________________
5. Nationality__________________________________
6. Communication Address____________________________

   ________________________________________

7. Contact No. (Mandatory)____________________________
8. Email ID __________________________________
9. Knowledge of Punjab Hindi up to Punjabi Yes/No
   (Tick Yes or No) Middle standard Hindi Yes/No
10. Education qualification (Middle Standard onwards)

Self attested photograph

| Name of the Examination | Board/University/Equivalent Institution | Year of Passing | Marks obtained | Total Marks | % age of marks |
|---|---|---|---|---|---|
| | | | | | |
| | | | | | |
| | | | | | |
| | | | | | |
| | | | | | |

Note: Grades should be converted in to percentage as per criteria of the concerned Board/University and copy of criteria should be enclosed, proof of Educational Qualification be also attached.

11. Additional qualification (please specify) ____________________________
12. Special Skill______________________________________
13. Experience if any____________________________________
14. Bank Account No with IFSC Code ____________________________

**Declaration**: I have read the terms and conditions of the advertisement/notice and agree to the same. I hereby certify that the above said particular are correct and true to the best of my knowledge and nothing has been concealed and in case same is found false, my candidature/application will be liable to be rejected.

Date

Signature of candidate

# ਸਵੈ ਘੋਸ਼ਣਾ ਪੱਤਰ

ਮੈਂ __________ ਪੁੱਤਰ/ਪੁੱਤਰੀ/ਪਤਨੀ __________ ਵਾਸੀ __________ ਤਹਿਸੀਲ __________ ਜ਼ਿਲ੍ਹਾ __________ ਦੀ ਰਹਿਣ ਵਾਲੀ/**ਵਾਲਾ** ਹਾਂ ਅਤੇ ਇਹ ਸਵੈ ਘੋਸ਼ਣਾ ਕਰਦੀ/**ਕਰਦਾ** ਹਾਂ।

01. ਇਹ ਕਿ ਮੈਂ ਉਕਤ ਪਤੇ ਦੀ/**ਦਾ** ਪੱਕੀ/**ਪੱਕਾ** ਵਸਨੀਕ ਹਾਂ ।

02. ਇਹ ਕਿ ਮੇਰੀ ਕੁਆਲੀਫਿਕੇਸ਼ਨ __________ ਪਾਸ ਹੈ ਅਤੇ __________ਜਾਤੀ ਨਾਲ ਸਬੰਧ ਰੱਖਦੀ/**ਰੱਖਦਾ** ਹਾਂ ।

03. ਇਹ ਕਿ ਮੈਂ __________ (ਸੋਸ਼ਲ ਵਰਕ) ਵੀ ਕਰਦਾ ਹਾਂ ।

04. ਮੈਂ ਪੈਰਾ ਲੀਗਲ ਵਲੰਟੀਅਰ ਦੀ ਵਲੰਟੀਅਰਸ਼ਿਪ ਲੈਣ ਲਈ ਅਪਲਾਈ ਕਰ ਰਹੀ/**ਰਿਹਾ** ਹਾਂ।

04. ਇਹ ਕਿ ਹਿੰਦੁਸਤਾਨ ਦੀ ਕਿਸੇ ਵੀ ਅਦਾਲਤ ਵਿੱਚ ਮੇਰੇ ਖਿਲਾਫ ਕੋਈ ਵੀ ਦੀਵਾਨੀ ਅਤੇ ਫੌਜਦਾਰੀ ਮੁਕੱਦਮਾ ਨਹੀਂ ਚੱਲ ਰਿਹਾ ਅਤੇ ਨਾ ਹੀ ਮੈਂ ਕਿਸੇ ਉੱਪਰ ਕੋਈ ਕੇਸ ਕੀਤਾ ਹੈ । ਮੇਰਾ ਉਕਤ ਬਿਆਨ ਹਲਫੀਆ ਸਹੀ ਵਾ ਦਰੁਸਤ ਹੈ ਇਸ ਵਿੱਚ ਕੋਈ ਵੀ ਗੱਲ ਛੁਪਾ ਕੇ ਨਹੀਂ ਰੱਖੀ ਗਈ । ਜੇਕਰ ਇਸ ਵਿੱਚ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਇਸ ਲਈ ਮੈਂ ਖੁਦ ਜ਼ੁੰਮੇਵਾਰ ਹੋਵਾਂਗੀ ਅਤੇ ਸਜ਼ਾ ਦੀ ਹੱਕਦਾਰ ਹੋਵਾਂਗੀ ।

05. ਇਹ ਕਿ ਜੇਕਰ ਮੇਰੇ ਵਿਰੁੱਧ ਭਵਿੱਖ ਵਿੱਚ ਕੋਈ ਮੁਕੱਦਮਾ/ਪਰਚਾ ਦਾਇਰ ਹੁੰਦਾ ਹੈ ਤਾਂ ਮੈਂ ਇਸ ਦਫਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਨੂੰ ਇਤਲਾਹ ਕਰਾਂਗੀ/**ਕਰਾਂਗਾ**।

ਮਿਤੀ

ਬਿਆਨ ਕਰਤਾ

**Office of the District Legal Services Authority, Amritsar**
District Court Complex, Amritsar
Phone No. 0183-2220205 | Toll Free No. NALSA/PULSA – 15100
Email: dlsa.asr@punjab.gov.in

**Advertisement No.:** 08 **Dated:** 19.02.2026

The District Legal Services Authority, Amritsar invites applications for the engagement of **Para Legal Volunteers** in District Amritsar. The last date for submission of applications is **05.03.2026**. Detailed information and the application form are available on the website **https://amritsar.dcourts.gov.in**.The **interview** will be conducted on **09.03.2026** at **11:00 AM** in the **Conference Hall, ADR Centre, Amritsar**.

**–Sd–**
District & Sessions Judge-cum-Chairperson,
District Legal Services Authority,
Amritsar.

ਦਫਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ
ਜਿਲ੍ਹਾ ਕੋਰਟ ਕੰਪਲੈਕਸ, ਅੰਮ੍ਰਿਤਸਰ
Phone No. 0183-2220205 Toll Free No. NALSA/PULSA -15100
Email: dlsa.asr@punjab.gov.in

Advertisement No. 07. Dated: 19.02.2026

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ **ਅੰਮ੍ਰਿਤਸਰ** ਵੱਲੋਂ ਜ਼ਿਲ੍ਹਾ **ਅੰਮ੍ਰਿਤਸਰ** ਵਿੱਚ ਪੈਰਾ ਲੀਗਲ ਵਲੰਟੀਅਰਜ਼ ਦੀ ਭਰਤੀ ਕੀਤੀ ਜਾਣੀ ਹੈ। **ਅਰਜੀ ਦੇਣ ਦੀ ਆਖਰੀ ਮਿਤੀ 05.03.2026 ਹੈ ਇਸ ਸਬੰਧੀ ਵਧੇਰੇ ਜਾਣਕਾਰੀ ਅਤੇ ਫਾਰਮ ਵੈੱਬਸਾਈਟ** https://amritsar.dcourts.gov.in **ਤੇ ਉਪਲਬਧ ਹੈ। ਇੰਟਰਵਿਊ ਮਿਤੀ 09.03.2026 ਨੂੰ ਏ.ਡੀ.ਆਰ ਸੈਂਟਰ, ਅੰਮ੍ਰਿਤਸਰ ਦੇ ਕਾਨਫਰੰਸ ਹਾਲ ਵਿਖੇ ਸਵੇਰੇ 11.00 ਵਜੇ ਲਈ ਜਾਵੇਗੀ।**

-ਸਹੀ-
**ਜਿਲ੍ਹਾ ਤੇ ਸੈਸ਼ਨਜ ਜੱਜ-ਸਹਿਤ-ਚੇਅਰਪਰਸਨ,**
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ
**ਅੰਮ੍ਰਿਤਸਰ।**